# 2024-24 ਸਾਉਣੀ ਮੌਸਮ ਲਈ ਝੋਨੇ ਦਾ ਐਮ ਐਸ ਪੀ 117 ਰੁਪਏ ਪ੍ਰਤੀ ਕੁਇੰਟਲ ਵਧਿਆ, ਅਰਹਰ ਦਾ 550 ਰੁਪਏ

2024-25 ਦੇ ਸਾਉਣੀ ਮੰਡੀਕਰਨ ਮੌਸਮ ਲਈ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 117 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸਦਾ ਐਲਾਨ ਭਾਰਤ ਸਰਕਾਰ ਨੇ 19 ਜੂਨ, 2024 ਸ਼ਾਮ ਨੂੰ ਕੀਤਾ।

ਝੋਨੇ ਦੀਆਂ ਆਮ ਅਤੇ ਗ੍ਰੇਡ ਏ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 2,300 ਰੁਪਏ ਪ੍ਰਤੀ ਕੁੰਇੰਟਲ ਅਤੇ 2,320 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਮੱਕੀ ਦਾ ਸਮਰਥਨ ਮੁੱਲ 135 ਰੁਪਏ ਵਧਾ ਕੇ 2,235 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ।

ਦਾਲਾਂ ਵਿੱਚੋਂ ਅਰਹਰ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਜ਼ਿਆਦਾ 550 ਰੁਪਏ ਦਾ ਵਾਧਾ ਹੋ ਕੇ 7,500 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਮਾਂਹ ਅਤੇ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ 450 ਰੁਪਏ ਅਤੇ 124 ਰੁਪਏ ਵਧਾ ਕੇ ਕ੍ਰਮਵਾਰ 7,400 ਰੁਪਏ ਪ੍ਰਤੀ ਕੁਇੰਟਲ ਅਤੇ 8,682 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਸਾਉਣੀ ਦੇ ਤਿਲਹਣਾਂ ਵਿੱਚ, ਨਾਈਜਰਸੀਡ ਦਾ ਘੱਟੋ-ਘੱਟ ਸਮਰਥਨ ਮੁੱਲ 983 ਰੁਪਏ ਵਧਾ ਕੇ 8,717 ਰੁਪਏ ਪ੍ਰਤੀ ਕੁਇੰਟਲ ਅਤੇ ਤਿਲ ਦਾ ਐਮ ਐਸ ਪੀ 632 ਰੁਪਏ ਵਧਾ ਕੇ 9,267 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਮੂੰਗਫਲੀ ਦਾ ਸਮਰਥਨ ਮੁੱਲ 406 ਰੁਪਏ ਵਧ ਕੇ 6,83 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਸੋਇਆਬੀਨ (ਪੀਲੀ) ਦਾ ਐਮ ਐਸ ਪੀ 292 ਵਧਾ ਕੇ 4,892 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਦਰਮਿਆਨੇ ਅਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 501 ਰੁਪਏ ਵਧਾ ਕੇ ਕ੍ਰਮਵਾਰ 7,121 ਰੁਪਏ ਪ੍ਰਤੀ ਕੁਇੰਟਲ ਅਤੇ 7,521 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

**2024-25 ਸਾਉਣੀ ਮੌਸਮ ਦਾ ਸਰਕਾਰੀ ਖ਼ਰੀਦ ਲਈ ਖ਼ਰੀਫ਼ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **ਐਮ ਐਸ ਪੀ 2024-25 (ਰੁਪਏ/ਕੁਇੰਟਲ)** | **ਐਮ ਐਸ ਪੀ 2023-24 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ (ਫ਼ੀਸਦੀ)** |
|---|---|---|---|---|
| ਝੋਨਾ (ਆਮ) | 2,300 | 2,183 | 117 | 5.35% |
| ਝੋਨਾ (ਗ੍ਰੇਡ ਏ) | 2,320 | 2,203 | 117 | 5.31% |
| ਜਵਾਰ (ਹਾਇਬ੍ਰਿਡ) | 3,371 | 3,180 | 191 | 6% |
| ਜਵਾਰ (ਮਲਦੰਡੀ) | 3,421 | 3,225 | 196 | 6.08% |
| ਬਾਜਰਾ | 2,625 | 2,500 | 125 | 5% |
| ਰਾਗੀ | 4,290 | 3,846 | 444 | 11.54% |
| ਮੱਕੀ | 2,225 | 2,090 | 135 | 6.46% |
| ਤੂਰ (ਅਰਹਰ) | 7,550 | 7,000 | 550 | 7.86% |
| ਮੂੰਗ | 8,682 | 8,558 | 124 | 1.45% |
| ਉੜਦ (ਮਾਂਹ) | 7,400 | 6,950 | 450 | 6.47% |
| ਮੂੰਗਫਲੀ | 6,783 | 6,377 | 406 | 6.37% |
| ਸੂਰਜਮੁਖੀ ਦੇ ਬੀਜ | 7,280 | 6,760 | 520 | 7.7% |
| ਸੋਇਆਬੀਨ (ਪੀਲੀ) | 4,892 | 4,600 | 292 | 6.35% |
| ਤਿਲ | 9,267 | 8,635 | 632 | 7.32% |
| ਨਾਈਜਰਸੀਡ | 8,717 | 7,734 | 983 | 12.71% |
| ਕਪਾਹ (ਦਰਮਿਆਨਾ ਰੇਸ਼ਾ) | 7,121 | 6,620 | 501 | 7.57% |
| ਕਪਾਹ (ਲੰਮਾ ਰੇਸ਼ਾ) | 7,521 | 7,020 | 501 | 7.14% |